ਦਫਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ-ਕਮ-ਸਟੇਟ ਪ੍ਰੋਜੈਕਟ ਡਾਇਰੈਕਟਰ ਸਰਵ ਸਿੱਖਿਆ ਅਭਿਆਨ ਅਥਾਰਟੀ ਪੰਜਾਬ,ਚੰਡੀਗੜ੍ਹ, ਐਸ.ਸੀ.ਓ .ਨੰ: 104-106 ਦੂਜੀ ਮੰਜ਼ਿਲ, ਸੈਕਟਰ-34 ਏ, ਚੰਡੀਗੜ੍ਹ, ਫੋਨ ਨੰ: 0172-5015878, 5015865

ਵੱਲ

ਸਮੂਹ ਜ਼ਿਲ੍ਹਾ ਸਿੱਖਿਆ ਅਫਸਰ(ਐ.ਸਿ)
ਪੰਜਾਬ।

ਮੀਮੋ ਨੰ: ਐਸ.ਐਸ.ਏ/ਆਰ.ਟੀ.ਈ/2012/08607
ਮਿਤੀ,ਚੰਡੀਗੜ੍ਹ: 21 ਸਤੰਬਰ 2012

ਵਿਸ਼ਾ: ਪ੍ਰਾਈਵੇਟ ਖੇਤਰ ਦੇ ਪ੍ਰੀ-ਪ੍ਰਾਇਮਰੀ/ਪ੍ਰਾਇਮਰੀ/ਅੱਪਰ ਪ੍ਰਾਇਮਰੀ ਸਕੂਲਾਂ ਵੱਲੋਂ ਸਵੈ-ਘੋਸ਼ਣਾ ਪੱਤਰ ਭਰਕੇ ਦੇਣ ਬਾਰੇ।

1.0 ਉਕਤ ਵਿਸ਼ੇ ਸਬੰਧੀ ਪੰਜਾਬ ਸਰਕਾਰ ਵੱਲੋਂ "ਪੰਜਾਬ ਬੱਚਿਆਂ ਦੇ ਮੁਫਤ ਅਤੇ ਲਾਜ਼ਮੀ ਸਿੱਖਿਆ ਦੇ ਅਧਿਕਾਰ ਰੂਲਜ 2011" ਵਿੱਚ ਕੀਤੀ ਹਾਲੀਆ ਸੋਧ ਅਨੁਸਾਰ ਉਕਤ ਦੱਸੇ ਪ੍ਰਾਈਵੇਟ ਸਕੂਲਾਂ ਵੱਲੋਂ ਮਾਨਤਾ ਪ੍ਰਾਪਤ ਕਰਨ ਲਈ ਨਿਯਮਾਂ ਵਿੱਚ ਦਿੱਤੇ ਫਾਰਮ ਨੰ:1 ਵਿੱਚ ਸਵੈ-ਘੋਸ਼ਣਾ ਪੱਤਰ ਭਰਕੇ ਦੇਣ ਦੀ ਮਿਆਦ ਮਿਤੀ 12 ਅਕੂਤਬਰ 2012 ਤੱਕ ਵਧਾ ਦਿੱਤੀ ਗਈ ਹੈ।

2.0 ਇਸ ਸਬੰਧੀ ਅਖਬਾਰਾਂ ਵਿੱਚ ਪਬਲਿਕ ਨੋਟਿਸ ਵੀ ਇਸ ਦਫਤਰ ਵੱਲੋਂ ਜਾਰੀ ਕਰ ਦਿੱਤਾ ਗਿਆ ਹੈ ।

3.0 ਉਕਤ ਅਨੁਸਾਰ ਆਪ ਜੀ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਵਿਸ਼ੇ ਵਿੱਚ ਦੱਸੇ ਜਿਹਨਾਂ ਸਕੂਲਾਂ ਨੇ ਹੁਣ ਤੱਕ ਫਾਰਮ 2011 ਰੂਲਜ ਅਨੁਸਾਰ ਫਾਰਮ ਨੰ:1 ਵਿੱਚ ਸਵੈ-ਘੋਸ਼ਣਾ ਪੱਤਰ ਭਰਕੇ ਆਪ ਪਾਸ ਜਮ੍ਹਾਂ ਨਹੀਂ ਕਰਵਾਏ ਉਹਨਾਂ ਨੂੰ ਇਹ ਘੋਸ਼ਣਾ ਪੱਤਰ ਭਰਕੇ ਜਮ੍ਹਾਂ ਕਰਵਾਉਣ ਲਈ ਕਿਹਾ ਜਾਵੇ ।

4.0 ਇਥੇ ਇਹ ਵੀ ਦੱਸਿਆ ਜਾਂਦਾ ਹੈ ਕਿ ਜੇਕਰ ਕਿਸੇ ਪ੍ਰਾਈਵੇਟ ਸੰਸਥਾ ਵੱਲੋਂ ਮਿਤੀ 12 ਅਕਤੂਬਰ 2012 ਤੱਕ ਇਹ ਘੋਸ਼ਣਾ ਪੱਤਰ ਜਮ੍ਹਾਂ ਨਹੀਂ ਕਰਵਾਇਆ ਜਾਂਦਾ ਤਾਂ ਲਾਜ਼ਮੀ ਸਿੱਖਿਆ ਦੇ ਅਧਿਕਾਰ ਦੇ ਐਕਟ 2009 ਅਨੁਸਾਰ ਮਿਤੀ 31.3.2013 ਤੋਂ ਬਾਅਦ ਅਜਿਹੇ ਸਕੂਲ ਚਲ ਨਹੀਂ ਸਕਦੇ ।

5.0 ਇਥੇ ਇਹ ਵੀ ਦੱਸਿਆ ਜਾਂਦਾ ਹੈ ਕਿ ਜਿਹਨਾਂ ਸਕੂਲਾਂ ਨੇ ਆਪ ਪਾਸ ਪਹਿਲਾਂ ਹੀ ਘੋਸ਼ਣਾ ਪੱਤਰ ਜਮ੍ਹਾਂ ਕਰਵਾ ਦਿੱਤਾ ਹੈ ਉਹਨਾਂ ਤੇ ਹਦਾਇਤਾਂ ਮੁਤਾਬਿਕ ਵੈਰੀਫਿਕੇਸ਼ਨ ਦੀ ਅਗਲੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇ ਅਤੇ ਬਾਕੀ ਸੰਸਥਾਵਾਂ ਜਿਉਂ ਜਿਉਂ ਆਪਣਾ ਘੋਸ਼ਣਾ ਪੱਤਰ ਭਰਨ ਤਿਉਂ ਤਿਉਂ ਉਹਨਾਂ ਦੀ ਵੈਰੀਫਿਕੇਸ਼ਨ ਸਬੰਧੀ ਅਗਲੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇ।

ਡਾਇਰੈਕਟਰ ਜਨਰਲ ਸਕੂਲ ਸਿੱਖਿਆ

ਪਿੱਠ ਅੰਕਣ ਨੰ: ਮਿਤੀ,ਚੰਡੀਗੜ੍ਹ: 21.9.2012

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਸਮੂਹ ਮੰਡਲ ਸਿੱਖਿਆ ਅਫਸਰ ਪੰਜਾਬ।
2. ਸਮੂਹ ਜ਼ਿਲ੍ਹਾ ਸਿੱਖਿਆ ਅਫਸਰ ਪੰਜਾਬ।(SE),

ਡਾਇਰੈਕਟਰ ਜਨਰਲ ਸਕੂਲ ਸਿੱਖਿਆ